# "ਹਾਲੀਵੁਡ ਦੇ ਅੰਗ੍ਰੇਜੀ ਬਗੀਚੇ ਚੌ ਖਿੜਿਆ ਦੇਸੀ ਫੁੱਲ" "ਕਰਨ ਸਿੰਘ ਬਰਾੜ"

ਸੁਪਨੇ ਲੈਣ ਵਿਚ ਕੋਈ ਹਰਜ ਨਹੀ, ਪਰ ਓਹ ਸੱਚ ਜਾਗਦਿਆਂ ਹੀ ਹੋ ਸਕਦੇ ਹਨ। ਏਸੇ ਹੀ ਗੱਲ ਨੂੰ ਸੱਚ ਕਰ ਵਖਾਇਆ ਹੈ – ਛੋਟੀ ਉਮਰ ਵਿਚ ਵੱਡੇ ਸੁਪਨੇ ਲੈਣ ਵਾਲੇ ਕਰਨ ਸਿੰਘ ਬਰਾੜ ਨੇ। ਜਿਸ ਨੇ ਨਹਾਇਤ 11 ਸਾਲ ਦੀ ਛੋਟੀ ਉਮਰ ਵਿਚ ਹੀ ਹਾਲੀਵੁਡ ਦੀਆਂ ਫਿਲਮਾਂ ਦੇ ਪਰਦੇ ਉਪਰ ਆਪਣਾ ਨਾਮ ਲਿਖਵਾ ਲਿਆ ਹੈ। ਫਿਲਮ "Diary of a Wimpy Kid" ਦੇ Audition ਤੇ ਕਰਨ ਬਰਾੜ ਨੇ ਨੌ ਹਜਾਰ ਬੱਚਿਆਂ ਨੂੰ ਮੁਕਾਬਲੇ ਵਿਚ ਪਟਕਣੀ ਦੇ ਕੇ ਹਾਲੀਵੁਡ ਵਿੱਚ ਆਪਣੀ ਆਮਦ ਦਾ ਡੰਕਾ ਵਜਾ ਦਿੱਤਾ। ਉਪਰੋਤਕ ਫਿਲਮ Diary of a Wimpy Kid ਨਾਂ ਦੀ ਕਿਤਾਬ ਤੇ ਅਧਾਰਤ ਹੈ। ਜਿਸ ਵਿੱਚ ਪਹਿਲੀ ਵਾਰ ਮਿਡਲ ਸਕੂਲ ਵਿਚ ਦਾਖਲ ਬੱਚਿਆਂ ਨੂੰ ਕਿਸ ਤਰਾਂ ਦੀਆਂ ਪ੍ਰਸਥਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਦਾ ਚਿਤਰਨ ਕੀਤਾ ਗਿਆ ਹੈ।ਇਹ ਕਿਤਾਬ New York Time ਬੈਸਟ ਸੈਲਰ ਕਿਤਾਬਾਂ ਵਿਚੋ ਹੈ। ਇਸ ਕਿਤਾਬ ਬਾਰੇ 9–10 ਸਾਲ ਦਾ ਹਰ ਬੱਚਾ ਭਲੀਭਾਤ ਜਾਣੂ ਹੈ।

ਫਿਲਮ Diary of a Wimpy Kid ਜੋ ਕਿ 19 ਮਾਰਚ 2010 ਨੂੰ ਰਿਲੀਜ ਹੋਈ ਹੈ ਅਤੇ ਹੁਣ ਤੱਕ ਲਗਭੱਗ 60 ਮਿਲੀਅਨ ਤੋ ਜਿਆਦਾ ਦਾ ਬਿਜਨਸ ਕਰ ਚੁਕੀ ਹੈ। ਇਸ ਵਿਚ ਕਰਨ ਬਰਾੜ ਨੇ ਚਰਾਗ ਗੁਪਤਾ ਨਾਂ ਦੇ ਪਾਤਰ ਦੀ ਭੁਮਿਕਾ ਨਿਭਾਈ ਹੈ।ਇਸ ਫਿਲਮ ਤੋਂ ਇਲਾਵਾ ਉਸ ਨੇ 20th Century Fox ਦੀਆਂ ਤਿੰਨ ਹੋਰ ਫਿਲਮਾਂ ਸਾਇਨ ਕਰ ਲਈਆਂ ਹਨ।ਸੱਤ ਸਾਲ ਦੀ ਉਮਰ ਵਿਚ ਰੰਗ ਮੰਚ ਦਾ ਸਫਰ ਸ਼ੁਰੂ ਕਰਨ ਵਾਲੇ ਕਰਨ ਬਰਾੜ ਨੇ International



Presentation of Performers ਜੋ ਕਿ Los Angeles ਵਿਚ ਹੋਇਆ ਸੀ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਤੋ ਇਲਾਵਾ ਉਸ ਨੇ ਕਈ ਐਡ ਫਿਲਮਾਂ ਵਿਚ ਵੀ ਐਕਟਿੰਗ ਕੀਤੀ ਹੈ।

ਜਿਥੇ ਉਪਰੋਤਕ ਪ੍ਰਾਪਤੀਆਂ ਉਸ ਦੇ ਚੁਸਤ, ਸੰਜਿਦਾ ਅਤੇ ਅਕਲ ਲਤੀਫ ਹੋਣ ਦੀਆਂ ਪ੍ਰਮਾਣ ਹਨ। ਉਥੇ ਐਤਵਾਰ ਨੂੰ ਉਸ ਵਲੋ ਗੁਰਦਵਾਰਾ ਸਹਿਬ ਸਿੱਖ ਸੈਟਰ, ਸਿਆਟਲ (Bothell) ਵਿਖੇ ਸੇਵਾ ਕਰਨੀ ਇਸ ਗੱਲ ਦਾ ਪ੍ਰਤੀਕ ਹੈ ਕਿ ਉਹ ਨਿਸ਼ਕਾਮ ਸੇਵਕ ਵੀ ਹੈ। ਇਕ ਗੱਲ ਹੋਰ ਇਹਨਾਂ ਮੁਲਕਾਂ ਵਿਚ ਆ ਕੇ ਜਦ ਅਸੀ ਆਰਥਿਕ ਪਨਾਹਗੀਰ ਬਣਕੇ ਆਪਣੇ ਬੱਚਿਆਂ ਦਾ ਭਵਿਖ ਮੁਰੰਮਤ ਕਰਨ ਲਈ ਸਿਰ ਸੁਟ ਕੇ ਦਿਨ ਰਾਤ ਮੇਹਨਤ ਕਰਦੇ ਹਾਂ। ਪਰ ਬਹੁਤ ਘੱਟ ਮਾਪੇ ਹਨ ਜੋ ਸ਼ਾਇਦ ਬੱਚਿਆਂ ਨੂੰ ਇਹ ਪੁੱਛਦੇ ਹੋਣ ਕਿ ਤੁਸੀ ਆਪਣੀ ਮਰਜੀ ਮੁਤਾਬਿਕ ਵੱਡੇ ਹੋ ਕੇ ਕੀ ਬਣਨਾ ਚਾਹੁੰਦੇ ਹੋ। ਇਸ ਗਲ ਦਾ ਸੇਹਰਾ ਕਰਨ ਦੇ ਪਿਤਾ ਹੈਰੀ ਬਰਾੜ ਅਤੇ ਉਸ ਦੀ ਮਾਤਾ ਨੂੰ ਜਾਂਦਾ ਹੈ, ਜਿੰਨਾ ਨੇ ਆਪਣੇ ਬੇਟੇ ਦੇ ਅਚੇਤ ਮਨ ਵਿਚ ਵਸੇ ਹੋਏ ਅਭਿਨੇਤਾ ਨੂੰ ਪਹਿਚਾਣਿਆ ਅਤੇ ਉਸ ਨੂੰ ਹਰ ਪੱਧਰ ਤੇ ਸਹਿਯੋਗ ਦਿੱਤਾ। ਸਿਆਟਲ ਸ਼ਹਿਰ ਦੀਆਂ ਜੂਹਾਂ ਵਿਚ ਵਸਦਾ ਛੋਟਾ ਸ਼ਹਿਰ ਮਿਲ ਕਰੀਕ ਬਰਾੜ ਦਾ ਸਿਰਨਾਵਾ ਹੈ। ਉਸ ਦੀ ਵੈਬ ਸਾਈਟ ਦਾ ਐਡਰਸ ਹੈ, www.karanbrar.com ਕਰਨ ਬਰਾੜ ਦੀਆਂ ਪ੍ਰਾਪਤੀਆਂ ਸੱਚਮੁਚ ਹੀ ਫਖਰ ਵਾਲੀ ਗੱਲ ਹੈ। ਸਾਡੀ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਇਹ ਬੱਚਾ ਆਪਣੀ ਜਿੰਦਗੀ ਵਿਚ ਐਨੀ ਤਰੱਕੀ ਕਰੇ ਕਿ ਮੰਜਿਲਾ ਉਸ ਨੂੰ ਖੁਦ ਉਡੀਕਣ।

***ਸੁਖਚੈਣ ਸਿੰਘ 'ਸੰਧੂ' ਸਿਆਟਲ***







